This question paper contains 2 printed pages]

Roll No. | | | | | | | | | | |

S. No. of Question Paper : 6878

Unique Paper Code : 52121201 IC

Name of the Paper : Modern Punjabi Prose and Functional Punjabi

Name of the Course : B.Com. (Prog.) Punjabi/CBCS

Semester : 1

Duration : 3 Hours Maximum Marks : 75

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

ਪ੍ਰ.1 ਵਾਰਤਕ ਨੂੰ ਪਰਿਭਾਸ਼ਤ ਕਰਦਿਆਂ ਇਸ ਦੇ ਤੱਤਾਂ ਬਾਰੇ ਜਾਣਕਾਰੀ ਭਰਪੂਰ ਨੋਟ ਲਿਖੋ। 10

ਜਾਂ

ਵਾਰਤਕ ਦੀ ਪਰਿਭਾਸ਼ਾ ਦਿੰਦਿਆਂ, ਪੁਰਾਤਨ ਅਤੇ ਨਵੀਨ ਵਾਰਤਕ ਵਿਚਲਾ ਨਿਖੇੜ ਸਪੱਸ਼ਟ ਕਰੋ।

ਪ੍ਰ.2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਦਿਓ : 5+5=10

1. ਆਧੁਨਿਕ ਵਾਰਤਕ ਦੇ ਪ੍ਰਚਲਿਤ ਰੂਪਾਂ ਦੇ ਨਾਂ ਦਸਦੇ ਹੋਏ, ਕਿਸੇ ਇਕ ਉੱਪਰ ਨੋਟ ਲਿਖੋ।
2. ਕੋਈ ਪੰਜ ਪੁਰਾਤਨ ਵਾਰਤਕਕਾਰਾਂ ਤੇ ਉਨ੍ਹਾਂ ਦੀ ਇਕ-ਇਕ ਰਚਨਾ ਦੇ ਨਾਂ ਵੀ ਲਿਖੋ।
3. ਆਧੁਨਿਕ ਪੰਜਾਬੀ ਵਾਰਤਕ ਦਾ ਆਰੰਭ ਕਦੋਂ ਤੋਂ ਮੰਨਿਆ ਜਾਂਦਾ ਹੈ ? ਨੋਟ ਲਿਖੋ।

ਪ੍ਰ.3 ਹੇਠ ਲਿਖਿਆਂ ਵਿਚੋਂ ਕਿਸੇ ਇਕ ਲੇਖ ਦਾ ਆਲੋਚਨਾਤਮਕ ਅਧਿਐਨ ਕਰੋ : 15

- ਨਵੇਕਲਾ ਬਾਂਦਰ ਤੇ ਚੀਨੀ ਫਲਸਫ਼ਾ
- ਨਿੱਕੀਆਂ ਨਿੱਕੀਆਂ ਗੱਲਾਂ
- ਸਹਿਜਯੋਗੀ ਦੀ ਇਕੱਲਤਾ

ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਸੰਖੇਪ ਉੱਤਰ ਦਿਓ : 5+5=10

1. 'ਮੁਸਾਫ਼ਰ, ਦਰਿਆ ਤੇ ਪਰਿੰਦੇ' ਲੇਖ ਦੇ ਫਲਸਫ਼ੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ :
2. 'ਬੱਚਾ, ਭੂਚਾਲ ਤੇ ਰੱਬ' ਦੇ ਆਧਾਰ ਤੇ "ਬੰਦਾ ਜੋੜੇ ਪਲੀ ਪਲੀ ਤੇ ਰੱਬ ਰੁੜ੍ਹਾਵੇ ਕੁੱਪਾ" ਦੇ ਅਰਥ ਸਪਸ਼ਟ ਕਰੋ।
3. 'ਬਿਨਾ ਥੱਲੇ ਵਾਲਾ ਝੋਲਾ' ਲੇਖ ਮਨੁੱਖੀ ਕਿਰਦਾਰ ਦੇ ਕਿਹੜੇ ਪਹਿਲੂ ਨੂੰ ਉਜਾਗਰ ਕਰਦਾ ਹੈ ਤੇ ਕਿਵੇਂ ? ਚਰਚਾ ਕਰੋ।

ਪ੍ਰ.5 ਕਿਰਿਆ ਦੀ ਪਰਿਭਾਸ਼ਾ ਦਿੰਦੇ ਹੋਏ, ਅਕਰਮਕ ਤੇ ਸਕਰਮਕ ਕਿਰਿਆ ਉੱਪਰ ਨੋਟ ਲਿਖੋ। 5

ਪ੍ਰ.6 ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਬਾਰੇ ਉਦਾਹਰਨ ਸਹਿਤ ਨੋਟ ਲਿਖੋ। 5

ਪ੍ਰ.7 ਕਾਲਜ ਵਿਚ ਹੋਏ ਸਾਲਾਨਾ ਸਭਿਆਚਾਰਕ ਪ੍ਰੋਗਰਾਮ ਸਬੰਧੀ ਅਖ਼ਬਾਰ ਲਈ ਰਿਪੋਰਟ ਤਿਆਰ ਕਰੋ। 10

ਪ੍ਰ.8 ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਦਿਓ : 10

ਵਿਹਲੀਆਂ ਗੱਲਾਂ ਕਰਨ ਦਾ ਵੀ ਇਕ ਹੁਨਰ ਹੈ, ਜੋ ਹਰ ਕਿਸੇ ਨੂੰ ਨਹੀਂ ਆਉਂਦਾ। ਇਸ ਨੂੰ ਕਾਮਯਾਬੀ ਨਾਲ ਨਿਭਾਉਣ ਲਈ ਕਈ ਗੁਣਾਂ ਦੀ ਲੋੜ ਹੈ। ਸਭ ਤੋਂ ਪਹਿਲੀ ਲੋੜ ਇਸ ਗੱਲ ਦੀ ਹੈ ਕਿ ਗੱਲ ਕਰਨ ਵਾਲਾ ਹੱਸ-ਮੁੱਖ ਹੋਏ। ਉਸ ਦੇ ਦਿਲ ਵਿਚ ਲੰਮੇ ਵੈਰ ਨਾ ਹੋਣ, ਉਸ ਦੀ ਆਮ ਵਾਕਫ਼ੀ ਤੇ ਤਜਰਬਾ ਬਹੁਤ ਹੋਏ, ਜੋ ਬਹੁਤ ਕਰਕੇ ਸਫਰ ਕਰਨ ਤੇ ਦੇਸ਼ਾਂ ਵਿਚ ਭ੍ਰਮਣ ਤੋਂ ਮਿਲਦਾ ਹੈ। ਸ਼ਾਇਦ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ : 'ਬਹੁ ਤੀਰਥ ਭਵਿਆ ਤੇਤੇ ਲਵਿਆ।' ਜੋ ਕੁਝ ਆਲੇ-ਦੁਆਲੇ ਵਿਚ ਵਰਤ ਰਿਹਾ ਹੋਏ, ਉਸ ਦੀ ਪਛਾਣ ਰੱਖਦਾ ਹੋਵੇ ਨਹੀਂ ਤਾਂ ਉਸ ਦੀਆਂ ਗੱਲਾਂ, ਉਸ ਦੇ ਮਖੌਲ ਇਕ ਦੋ ਵਾਰੀ ਦੁਹਰਾਏ ਜਾਣ ਤੇ ਬਾਸੀ ਜਹੇ ਲੱਗਣ ਲੱਗ ਪੈਣਗੇ। ਉਸ ਨੂੰ ਲੋਕਾਂ ਦੇ ਸੁਭਾਅ ਤੇ ਮੌਕਾ ਪਛਾਨਣ ਦੀ ਜਾਚ ਹੋਏ, ਲੋਕਾਂ ਦੀਆਂ ਆਮ ਰੁਚੀਆਂ ਨਾਲ ਹਮਦਰਦੀ ਹੋਏ ਅਤੇ ਆਪਣੀ ਰਾਇ ਤੇ ਦਲੀਲ ਉਤੇ ਹੱਠ ਨਾ ਕਰੋ, ਖਾਸ ਕਰਕੇ ਆਪਣੀ ਬੋਲੀ ਉਤੇ ਚੰਗਾ ਕਾਬੂ ਹੋਏ।